# ਕੀ ਨਵਾਂ ਹੈ ਸਿਟੀ ਵਿੱਚ ਫਰਵਰੀ 2021

ABBOTSFORD

## ਸਿਟੀ ਸਰਵਿਸ ਅੱਪਡੇਟ



ਫਿਲਹਾਲ ਸਿਟੀ ਦੀਆਂ ਸਾਰੀਆਂ ਸੇਵਾਵਾਂ ਔਨਲਾਈਨ **abbotsford.ca** ਉੱਤੇ ਅਤੇ ਫੋਨ ਤੇ ਉਪਲਭਦ ਹਨ। ਜੇ ਤੁਹਾਨੂੰ ਕਿਸੇ ਵੀ ਤਰਾਂ ਦੀ ਮੱਦਦ ਦੀ ਲੋੜ ਹੈ ਜਾਂ ਤੁਹਾਨੂੰ ਕਿਸੇ ਮਹਿਕਮੇ ਵਾਰੇ ਪਤਾ ਨਹੀਂ ਲੱਗ ਰਿਹਾ ਤਾਂ ਕਿਰਪਾ ਕਰਕੇ ਸਾਡੇ ਮੁੱਖ ਸਵਿੱਚਬੋਰਡ 604-853-2281 ਤੇ ਫੋਨ ਕਰੋ।

## ਮਿਲ਼ਣ ਵਾਲ਼ੀਆਂ ਅਪੋਇੰਟਮਿੰਟਾਂ

ਕਈ ਸਰਵਿਸਾਂ ਲਈ ਸਿਟੀ ਹਾਲ ਮਿਲਣ ਵਾਲ਼ੀਆਂ ਅਪੋਇੰਟਮਿੰਟਾਂ ਦੇ ਰਹੇ ਹਨ। ਕੈਸ਼ੀਅਰ ਖੁੱਲ੍ਹੇ ਹਨ ਅਤੇ ਉਨ੍ਹਾਂ ਲਈ ਅਪੋਇੰਟਮਿੰਟ ਦੀ ਲੋੜ ਨਹੀਂ।

ਕਿਰਪਾ ਕਰਕੇ ਸਿਟੀ ਹਾਲ ਆਉਣ ਤੋਂ ਪਹਿਲਾਂ ਤੁਸੀਂ ਜਿਸ ਡਿਪਾਰਟਮੈਂਟ ਨਾਲ਼ ਗੱਲ ਕਰਨੀ ਹੈ, ਉਨ੍ਹਾਂ ਨੂੰ ਫੋਨ ਕਰੋ ਅਤੇ ਅਪੋਇੰਟਮਿੰਟ ਬਣਾਵੋ।

ਸਿਟੀ ਹਾਲ ਤੱਕ ਪਹੁੰਚ ਸੀਮਤ ਰਹੇਗੀ ਅਤੇ ਸਰੀਰਕ ਦੂਰੀ ਬਣਾ ਕੇ ਰੱਖੀ ਜਾਵੇਗੀ। ਮੁਲਾਕਾਤੀਆ ਨੂੰ ਉਨ੍ਹਾਂ ਦੇ ਮੁਲਾਕਾਤ ਸਮੇਂ ਤੋਂ ਪਹਿਲਾਂ ਨੌਰਥ ਐਂਟਰੈਂਸ ਦੇ ਪਰਵੇਸ਼ ਦੁਆਲੇ ਛਤਰੀ ਹੇਠ ਚੈੱਕ-ਇਨ ਕਰਨ ਦੀ ਜ਼ਰੂਰਤ ਹੋਏਗੀ। ਤੁਹਾਡੇ ਸਬਰ ਲਈ ਤੁਹਾਡਾ ਧੰਨਵਾਦ ਜਿਵੇਂ ਕਿ ਅਸੀਂ ਤੁਹਾਨੂੰ ਤੰਦਰੁਸਤ ਅਤੇ ਸੁਰੱਖਿਅਤ ਰੱਖਣ ਤੇ ਕੰਮ ਕਰ ਰਹੇ ਹਾਂ।

## ਅਪੋਇੰਟਮਿੰਟ ਬਣਾਉਣ ਲਈ ਨੰਬਰ:

- ਬਿਲਡਿੰਗ ਅਤੇ ਬਿਜ਼ਨਿਸ ਲਾਈਸਿੰਸ (ਪਹਿਲੀ ਮੰਜ਼ਲ):604-864-5525
- ਸਿਟੀ ਕਲਰਕ ਦਾ ਆਫਿਸ (ਪੰਜਵੀਂ ਮੰਜ਼ਲ): 604-864-5506
- ਇੰਜੀਨੀਰਿੰਗ (ਚੌਥੀ ਮੰਜ਼ਲ): 604-864-5514
- ਪਾਰਕ, ਰੈਕਰੀਏਸ਼ਨ, ਅਤੇ ਕਲਚਰ (ਤੀਜੀ ਮੰਜ਼ਲ): 604-859-3134
- ਪਲੈਨਿੰਗ ਅਤੇ ਡਵੈਲੱਪਮੈਂਟ ਸਰਵਿਸ (ਦੂਜੀ ਮੰਜ਼ਲ): 604-864-5510

ਹੋਰ ਜਾਣਕਾਰੀ ਲਈ ਵੈਬਸਾਈਟ ਤੇ ਜਾਓ **abbotsford.ca/reopening**

## ਕਰਬਸਾਈਡ ਕੋਲੈਕਸ਼ਨ ਕਾਰਟ




ਨਵੀਂਆਂ ਕਾਰਟਾਂ 1 ਫਰਵਰੀ ਤੋਂ 31 ਮਾਰਚ ਦੇ ਵਿਚਕਾਰ ਤੁਹਾਡੇ ਘਰ ਪਹੁੰਚਾਈਆਂ ਜਾਣਗੀਆਂ। ਇੱਕ ਜਾਣਕਾਰੀ ਪੈਕੇਜ ਉਨ੍ਹਾਂ ਕਾਰਟਾਂ ਦੇ ਨਾਲ ਜਾਵੇਗਾ ਜੋ ਤੁਹਾਡੀ ਨਵੀਂ ਕਾਰਟਾਂ ਨੂੰ ਕਿਵੇਂ ਇਸਤੇਮਾਲ ਕਰਨ ਬਾਰੇ ਜਾਣਕਾਰੀ ਦੇਣਗੇ ਅਤੇ ਨਵੇਂ ਸਵੈਚਲਿਤ ਸੰਗ੍ਰਹਿਣ ਪ੍ਰੋਗਰਾਮ ਤੇ ਹੋਰ ਜਾਣਕਾਰੀ ਪ੍ਰਦਾਨ ਕਰਨਗੇ। ਜੇ ਤੁਹਾਨੂੰ ਤੁਹਾਡੀਆਂ ਕਾਰਟਾਂ 31 ਮਾਰਚ, 2021 ਤੱਕ ਨਹੀਂ ਮਿਲਦੀਆਂ ਤਾਂ ਸਿਟੀ ਨਾਲ਼ 604-864-5640 ਜਾਂ **carts@abbotsford.ca** ਤੇ ਸੰਪਰਕ ਕਰੋ। ਕਿਰਪਾ ਕਰਕੇ ਨੋਟ ਕਰੋ ਕਿ ਅਸੀਂ ਸਪੁਰਦਗੀ ਦੀਆਂ ਤਰੀਕਾਂ, ਖਾਸ ਪਤੇ ਜਾਂ ਗੁਆਂਢੀਆਂ ਲਈ ਸਮੇਂ ਦੀ ਪੁਸ਼ਟੀ ਕਰਨ ਦੇ ਯੋਗ ਨਹੀਂ ਹਾਂ। ਹੋਰ ਜਾਣਕਾਰੀ ਲਈ **abbotsford.ca/carts** ਤੇ ਜਾਓ।

## ਸਟੈੱਪ ਕੋਡ ਵੈਬਿਨਾਰ

ਸਿਟੀ ਸਟੈੱਪ ਕੋਡ ਦੀਆਂ ਜ਼ਰੂਰਤਾਂ ‘ਤੇ ਕੈਨੇਡੀਅਨ ਹੋਮਬਿਲਡਰਜ਼ ਐਸੋਸੀਏਸ਼ਨ ਆਫ ਫਰੇਜ਼ਰ ਵੈਲੀ **(CHBAFV)** ਦੇ ਨਾਲ ਇੱਕ ਵੈਬਿਨਾਰ ਦੀ ਮੇਜ਼ਬਾਨੀ ਕਰ ਰਿਹਾ ਹੈ। ਇਹ ਵੈਬਿਨਾਰ 23 ਫਰਵਰੀ ਨੂੰ ਸ਼ਾਮ 3-5 ਵਜੇ ਹੋਵੇਗਾ। ਰਜਿਸਟਰੇਸ਼ਨ **CHBAFV** ਤੇ **beeid.org/88fde234d497** ਤੇ ਕੀਤੀ ਜਾ ਸਕਦੀ ਹੈ।

## PRC ਸਪ੍ਰਿੰਗ ਪ੍ਰੋਗਰਾਮ



ਐਬਟਸਫੋਰਡ **PRC** ਸਪ੍ਰਿੰਗ ਪ੍ਰੋਗਰਾਮਾਂ ਲਈ ਖੁੱਲਾ ਹੈ। ਸਾਡੇ ਸਪ੍ਰਿੰਗ ਬਰੇਕ ਡੇ ਕੈਂਪਾਂ ਚ 2 ਹਫਤਿਆਂ ਲਈ ਪ੍ਰੀ-ਰਜਿਸਟਰ ਕਰੋ ਜਾਂ ਫਿਰ ਭਾਰ ਵਾਲਾ ਕਮਰਾ, ਸਕੇਟਿੰਗ, ਤੈਰਾਕੀ ਸੈਸ਼ਨ ਲਈ ਰਜਿਸਟਰ ਕਰ ਸਕਦੇ ਹੋ। ਇਨ੍ਹਾਂ ਦਾ ਵੇਰਵਾ ਔਨਲਾਈਨ ਚੈਕ ਕਰੋ **direct2rec.com.**

## ਚੰਗੇ ਗੁਆਂਢੀ ਦੀ ਗਾਈਡ

ਐਬਟਸਫੋਰਡ ਗੁੱਡ ਨੇਬਰ ਗਾਈਡ (ਚੰਗੇ ਨੇਬਰ ਦੀ ਗਾਈਡ) ਹੁਣ ਵਸਨੀਕਾਂ ਅਤੇ ਕਾਰੋਬਾਰਾਂ ਨੂੰ ਵੱਖ ਵੱਖ ਨਿਯਮਾਂ ਅਤੇ ਨਿਯਮਾਂ ਨੂੰ ਸਮਝਣ ਵਿੱਚ ਸਹਾਇਤਾ ਕਰਨ ਲਈ ਉਪਲਬਧ ਹੈ। ਪੂਰੀ ਵੀਡੀਓ ਅਤੇ ਜਾਣਕਾਰੀ ਲੈਣ ਲਈ **abbotsford.ca/goodneighbour** ਤੇ ਜਾਓ।

## ਸਿਟੀ ਕਾਊਂਸਲ ਦੀ ਜਾਣਕਾਰੀ

### ਪੱਬਲਿਕ ਹੀਰਿੰਗਜ਼ ਵਿੱਚ ਤਬਦੀਲੀਆਂ



ਦਸੰਬਰ 4, 2020 ਨੂੰ ਪ੍ਰੋਵਿੰਸ਼ਲ ਹੈਲਥ ਅਫ਼ਸਰ ਨੇ ਸਥਾਨਕ ਸਰਕਾਰਾਂ ਦੀਆਂ ਮੀਟਿੰਗਾਂ ਅਤੇ ਜਨਤਕ ਸੁਣਵਾਈਆਂ ਤੇ ਲੋਕਾਂ ਦੀ ਹਾਜ਼ਰੀ ਦੀ ਸਪੱਸ਼ਟ ਤੌਰ ਤੇ ਪਾਬੰਦੀ ਲਗਾਉਂਦੇ ਹੋਏ, ਇੱਕ ਪ੍ਰਸੰਸਾ ਇਕੱਠ ਅਤੇ ਪ੍ਰੋਗਰਾਮਾਂ ਦੇ ਅਦੇਸ਼ ਜਾਰੀ ਕੀਤੇ।

## ਸਿਟੀ ਕਾਊਂਸਲ ਬਰੌਡਕੈਸਟ

ਸਿਟੀ ਕਾਊਂਸਲ ਦੀਆਂ ਮੀਟਿੰਗਾਂ ਅਤੇ ਅਜੰਡਾ **abbotsford.ca/ams** ਉੱਤੇ ਉਪਲਬਧ ਹਨ। ਪਬਲਿਕ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਮੀਟਿੰਗਾਂ ਨੂੰ ਔਨਲਾਈਨ ਦੇਖਣ। ਵੈਬਸਾਈਟ: **abbotsford.ca/watchcouncilonline** .

## ਕਾਊਂਸਲ ਮੀਟਿੰਗਾਂ

| | |
|---|---|
| **ਫਰਵਰੀ 22:** | ਸ਼ਾਮ 3 ਵਜੇ ਐਗਜ਼ੈਕੂਟਿਵ ਮੀਟਿੰਗ<br>ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ |
| **ਮਾਰਚ 1:** | ਸ਼ਾਮ 1 ਵਜੇ ਕਮਿਟੀ ਆਫ਼ ਦਾ ਹੋਲ |
| **ਮਾਰਚ 8:** | ਸ਼ਾਮ 3 ਵਜੇ ਐਗਜ਼ੈਕੂਟਿਵ ਮੀਟਿੰਗ<br>ਸ਼ਾਮ 7 ਵਜੇ ਪਬਲਿਕ ਹੀਰਿੰਗ/ ਰੈਗੂਲਰ ਕਾਊਂਸਲ |
| **ਮਾਰਚ 15:** | ਕੋਈ ਮੀਟਿੰਗ ਨਹੀਂ |